# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ।

ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।
ਫੋਨ ਨੰ:0172-5212322, ਈ-ਮੇਲ:smartschool@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.),
ਪੰਜਾਬ।

ਮੀਮੋ ਨੰ: ਸਸਅ/ਸਮਾਰਟ ਸਕੂਲ/2024-25/188927 ਮਿਤੀ : 26.07.2024

**ਵਿਸ਼ਾ:-** **ਸਕੂਲਾਂ ਵਿੱਚ ਪੌਦੇ ਲਗਾਉਣ ਸਬੰਧੀ।**

**ਹਵਾਲਾ:** : ਸਸਅ/ਸਮਾਰਟ ਸਕੂਲ/2024-25/720987 ਮਿਤੀ : 12.07.2024

ਉੱਕਤ ਵਿਸ਼ੇ ਸਬੰਧੀ ਮੋਨਸੂਨ ਸੀਜਨ ਦੌਰਾਨ ਸਮੂਹ ਸਕੂਲਾਂ ਵਿੱਚ ਪੌਦੇ ਲਗਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਜਿਸ ਸਬੰਧੀ ਮਿਤੀ 04-07-2024 ਨੂੰ ਐੱਜੂਸੈੱਟ ਰਾਹੀਂ Forest and Wildlife Preservation ਦੇ ਅਧਿਕਾਰੀਆਂ ਵੱਲੋਂ ਸਕੂਲ ਮੁਖੀਆਂ ਨੂੰ ਜਾਣੂ ਕਰਵਾਇਆ ਗਿਆ ਸੀ ਅਤੇ ਹਵਾਲਾ ਅਧੀਨ ਪੱਤਰ (ਕਾਪੀ ਨੱਥੀ) ਰਾਹੀਂ ਸਕੂਲਾਂ ਵਿੱਚ ਪੌਦੇ ਲਗਾਉਣ ਸਬੰਧੀ ਦਿਸ਼ਾਨਿਰਦੇਸ਼ ਵੀ ਜਾਰੀ ਕੀਤੇ ਗਏ ਹਨ।

ਉਕਤ ਤੋਂ ਇਲਾਵਾ ਭਾਰਤ ਸਰਕਾਰ ਵੱਲੋਂ ਪ੍ਰਾਪਤ ਪੱਤਰ ਹੋਇਆ ਹੈ ਜਿਸ ਅਨੁਸਾਰ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ#Plant4Mother initiative ਤਹਿਤ Plantation Drive ਚਲਾਈ ਜਾ ਰਹੀ ਹੈ ਜਿਸ ਤਹਿਤ ਪੂਰੇ ਦੇਸ਼ ਵਿੱਚ 5 ਕਰੋੜ ਪੌਦੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਪੰਜਾਬ ਦੇ 27619 ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲਾਂ ਵਿੱਚ 9,66,665 plants (35 plants per school) ਦਾ ਟੀਚਾ ਮਿੱਥਿਆ ਗਿਆ ਹੈ।
ਹਰ ਸਕੂਲ ਵੱਲੋਂ ਘੱਟ-ਘੱਟ 35 ਪੌਦੇ ਲਗਾਏ ਜਾਣੇ ਹਨ।

ਇਸ campaign ਨੂੰ ਇੱਕ ਪੌਦਾ ਮਾਂ ਦੇ ਨਾਮ ਦੇ ਨਾਲ ਮਨਾਇਆ ਜਾਵੇ, ਜਿਸ ਵਿੱਚ ਹਰ ਸਕੂਲ ਵੱਲੋਂ 35 ਪੌਦੇ ਸਥਾਨ ਚੁਣ ਕੇ ਲਗਾਏ ਜਾਣ ਜਿਸ ਵਿੱਚ ਬੱਚੇ ਅਤੇ ਉਸਦੀ ਮਾਂ ਵੱਲੋਂ ਪੌਦਾ ਲਗਾਉਂਦੇ ਹੋਏ ਫੋਟੋ ਖਿੱਚੀ ਜਾਵੇ ਅਤੇ ਇਸ ਫੋਟੋ ਨੂੰ #Plant4Mother ਨਾਲ ਸ਼ੋਸ਼ਲ ਮੀਡੀਆ ਤੇ ਸ਼ੇਅਰ ਕੀਤਾ ਜਾਵੇ। ਇਹ ਪੌਦੇ ਸਕੂਲ, ਘਰ, ਪਬਲਿਕ ਥਾਵਾਂ, ਅੰਮ੍ਰਿਤਰ ਸਰੋਵਰ ਪੌਡ ਤੇ ਲਗਾਏ ਜਾ ਸਕਦੇ ਹਨ। Tree Plantation Drive ਮਿਤੀ 31-08-2024 ਤੱਕ ਚੱਲੇਗੀ।

ਇਸ campaign ਅਧੀਨ ਸਕੂਲਾਂ ਵਿੱਚ ਲਗਾਏ ਜਾ ਰਹੇ ਪੌਦਿਆਂ ਸਬੰਧੀ ਸੂਚਨਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਹੇਠਾਂ ਦਰਸਾਏ Google Tracker ਤੇ ਅਪਲੋਡ ਜਾਣੀ ਹੈ ਪੌਦੇ ਲਗਾਉਂਦੇ ਹੋਇਆ ਦੀਆਂ ਫੋਟੋਆਂ ਦਿੱਤੇ Google Drive link ਤੇ ਅਪਲੋਡ ਕੀਤੀਆਂ ਜਾਣਗੀਆਂ ਜੋ ਕਿ ਮੁੱਖ ਦਫਤਰ ਵੱਲੋਂ ਭਾਰਤ ਸਰਕਾਰ ਨੂੰ ਭੇਜੀਆਂ ਜਾਣਗੀਆ।
https://docs.google.com/spreadsheets/d/1NWqaqSgLVybzrLoBCYtZxzErUcXc33qE0lUEkDRxaZE/edit?usp=sharing

ਉਕਤ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਨੂੰ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਾਰੇ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲਾਂ ਨੂੰ #Plant4Mother initiative ਤਹਿਤ ਸਕੂਲਾਂ ਵਿੱਚ Plantation Drive ਚਲਾਉਂਦੇ ਹੋਏ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਹਦਾਇਤ ਕੀਤੀ ਜਾਵੇ ਅਤੇ ਭਾਰਤ ਸਰਕਾਰ ਵੱਲੋਂ ਪੰਜਾਬ ਰਾਜ ਲਈ ਮਿੱਥੇ ਗਏ ਟੀਚੇ ਨੂੰ ਪੂਰਾ ਕਰਨ ਦੇ ਉਪਰਾਲੇ ਕੀਤੇ ਜਾਣ।

ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ), ਪੰਜਾਬ

**ਪਿੱਠ ਅੰਕਣ ਨੰ. ਸਸਅ/ਸਮਾਰਟ ਸਕੂਲ/2024-25/188927** **ਮਿਤੀ:26.07.2024**

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ Financial Commissioner Forest and Wildlife Preservation
2. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
3. ਪੀ.ਏ. ਟੂ ਡੀ.ਐਸ.ਈ. (ਸੈ.ਸਿ/ਐ.ਸਿ.), ਪੰਜਾਬ।
4. ਸਮੂਹ ਬੀ.ਪੀ.ਈ.ਓਜ਼
5. ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

26/07/2024

ਸਹਾਇਕ ਡਾਇਰੈਕਟਰ

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ।

ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।

ਫੋਨ ਨੰ:0172-5212322, ਈ-ਮੇਲ:smartschool@punjabeducation.gov.in

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.),
ਪੰਜਾਬ।

ਮੀਮੋ ਨੰ: ਸਸਅ/ਸਮਾਰਟ ਸਕੂਲ/2024-25/720987 ਮਿਤੀ : 12.07.2024

ਵਿਸ਼ਾ:- **ਸਕੂਲਾਂ ਵਿੱਚ ਪੌਦੇ ਲਗਾਉਣ ਸਬੰਧੀ।**

ਹਵਾਲਾ: Forest and Wildlife Preservation ਦਾ ਪੱਤਰ ਨੰ. 45/21/2024/FT.2/8341

ਉੱਕਤ ਵਿਸ਼ੇ ਸਬੰਧੀ ਮੋਨਸੂਨ ਸੀਜਨ ਦੌਰਾਨ ਸਮੂਹ ਸਕੂਲਾਂ ਵਿੱਚ ਪੌਦੇ ਲਗਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਜਿਸ ਸਬੰਧੀ ਮਿਤੀ 04-07-2024 ਨੂੰ ਐੱਜੂਸੈੱਟ ਰਾਹੀਂ Forest and Wildlife Preservation ਦੇ ਅਧਿਕਾਰੀਆਂ ਵੱਲੋਂ ਸਕੂਲ ਮੁਖੀਆਂ ਨੂੰ ਜਾਣੂ ਕਰਵਾਇਆ ਗਿਆ ਸੀ ਇਸ ਦੀ ਲਗਾਤਾਰਤਾ Financial Commissioner Forest and Wildlife Preservation ਤੋਂ ਹਵਾਲਾ ਅਧੀਨ ਪੱਤਰ ਪ੍ਰਾਪਤ ਹੋਇਆ ਹੈ ਜਿਸ ਦੇ ਸਨਮੁੱਖ ਹੇਠ ਲਿਖੇ ਅਨੁਸਾਰ ਦਿਸ਼ਾਨਿਰਦੇਸ਼ ਜਾਰੀ ਕੀਤੇ ਜਾਂਦੇ ਹਨ:

1. ਸਕੂਲਾਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਪੌਦੇ ਲਗਾਉਣ ਲਈ ਟੀਚੇ ਦਿੱਤੇ ਜਾਣ ਅਤੇ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਉਤਸਾਹਿਤ ਕੀਤਾ ਜਾਵੇ।
2. ਵਿਦਿਆਰਥੀਆਂ ਨੂੰ ਸਕੂਲ ਮੁਖੀ ਅਤੇ ਅਧਿਆਪਕਾਂ ਦੁਆਰਾ ਪੌਦਿਆਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾਵੇ ਅਤੇ ਇਹਨਾਂ ਦੀ ਸਾਂਭ-ਸੰਭਾਲ ਪ੍ਰਤੀ ਪ੍ਰੇਰਿਤ ਕੀਤਾ ਜਾਵੇ।
3. ਲਗਾਏ ਗਏ ਪੌਦਿਆਂ ਦਾ ਸਮੇਂ ਸਮੇਂ ਤੇ ਨਿਰੀਖਣ ਕੀਤਾ ਜਾਵੇ। ਜੇਕਰ ਕੋਈ ਪੌਦਾ ਖਰਾਬ ਹੋ ਜਾਵੇ ਜਾਂ ਸੁੱਕ ਜਾਵੇ ਤਾਂ ਉਸ ਦੀ ਜਗ੍ਹਾ ਨਵਾਂ ਪੌਦਾ ਲਗਾਇਆ ਜਾਵੇ।
4. ਲਗਾਏ ਗਏ ਪੌਦਿਆਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਇਹਨਾਂ ਦੇ Botanical Names, Local Names, Pet names ਜ਼ਰੂਰ ਲਿਖੇ ਜਾਣ।
5. ਸਕੂਲਾਂ ਨੂੰ ਮੀਆਵਾਕੀ ਜੰਗਲ (Miyawaki Forest) ਲਗਾਉਣ ਲਈ ਪ੍ਰੋਤਸ਼ਾਹਿਤ ਕੀਤਾ ਜਾਵੇ। ਜਿਨ੍ਹਾਂ ਸਕੂਲਾਂ ਵਿੱਚ ਮੀਆਵਾਕੀ ਜੰਗਲ (Miyawaki Forest) ਸਥਾਪਿਤ ਕੀਤੇ ਜਾਣਗੇ ਉਨ੍ਹਾਂ ਸਕੂਲਾਂ ਵਿੱਚ ਲਗਾਏ ਗਏ ਮੀਆਵਾਕੀ ਜੰਗਲ (Miyawaki Forest) ਦੀ Department of Forest and Wild Life Conservation, Govt. of Punjab ਵੱਲੋਂ ਛੇ ਮਹੀਨੇ ਬਾਅਦ Evaluation ਕੀਤੀ ਜਾਵੇਗੀ। Evaluation ਕਰਨ ਉਪਰੰਤ, ਬਲਾਕ ਅਤੇ ਜਿਲ੍ਹਾ ਪੱਧਰ ਤੇ ਐਲਾਨੇ ਗਏ ਬੈਸਟ ਗਰੀਨ ਸਕੂਲਾਂ ਨੂੰ ਐਵਾਰਡ ਦਿੱਤਾ ਜਾਵੇਗਾ ਬੈਸਟ ਐਲਾਨੇ ਗਏ ਗਰੀਨ ਸਕੂਲ ਮੁੱਖੀ ਨੂੰ ਵੀ ਰਾਜ ਪੱਧਰ ਤੇ ਹੋਣ ਵਾਲੇ ਸਮਾਰੋਹਾਂ ਵਿੱਚ ਸਰਕਾਰ ਵੱਲੋਂ ਸਨਮਾਨਿਤ ਕੀਤਾ ਜਾਵੇਗਾ।
6. ਉਕਤ ਸਬੰਧੀ ਆਉਣ ਵਾਲੇ ਹਫਤੇ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਸਕੂਲ ਸਿੱਖਿਆ ਵਿਭਾਗ ਅਤੇ Forest and Wildlife Preservation ਦੇ ਅਧਿਕਾਰੀਆਂ ਵੱਲੋਂ ਸਾਂਝੇ ਤੌਰ ਤੇ Virtual Meeting ਵੀ ਕੀਤੀ ਜਾਵੇਗੀ।

**ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ), ਪੰਜਾਬ**

**ਪਿੱਠ ਅੰਕਣ ਨੰ. ਸਸਅ/ਸਮਾਰਟ ਸਕੂਲ/2024-25/720987** **ਮਿਤੀ: 12.07.2024**

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ Financial Commissioner Forest and Wildlife Preservation
2. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
3. ਪੀ.ਏ. ਟੂ ਡੀ.ਐਸ.ਈ. (ਸੈ.ਸਿ.), ਪੰਜਾਬ।
4. ਪੀ.ਏ. ਟੂ ਡੀ.ਐਸ.ਈ. (ਐ.ਸਿ.), ਪੰਜਾਬ।
5. ਸਮੂਹ ਬੀ.ਪੀ.ਈ.ਓਜ
6. ਸੰਬੰਧਤ ਸਕੂਲ ਮੁੱਖੀ।

12/07/2024

**ਸਹਾਇਕ ਡਾਇਰੈਕਟਰ**